a2zpapers.com

www.a2zpapers.com

**Exam. Code : 103201**
**Subject Code : 1002**

**B.A./B.Sc. 1st Semester**

## PUNJABI COMPULSORY

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :
   ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ

   **ਜਾਂ**

   ਰਾਧਾ ਸੰਦੇਸ਼। 10

2. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਕਲਾਕਾਰ ਦੀ ਸ਼ਖਸੀਅਤ ਦੇ ਗੁਣ ਲਿਖੋ :
   ਸੋਭਾ ਸਿੰਘ

   **ਜਾਂ**

   ਪ੍ਰਿਥਵੀਰਾਜ ਕਪੂਰ। 10

3. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਲਿਖੋ :
   ਨਾਰੀ ਸ਼ਸਕਤੀਕਰਨ, ਭਾਸ਼ਣ ਕਲਾ, ਵੋਟ ਦਾ ਅਧਿਕਾਰ 5

4. ਪੈਰਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਜਵਾਬ ਦਿਉ :

   ਅੱਜ-ਕਲ੍ਹ ਅਸੀਂ ਅਖਬਾਰਾਂ ਵਿੱਚ ਨੌਜਵਾਨ ਮੁੰਡੇ ਕੁੜੀਆਂ ਦੀ ਹੁੱਲੜਬਾਜ਼ੀ, ਉਹਨਾਂ ਰਾਹੀਂ ਕੀਤੀਆਂ ਚੋਰੀਆਂ, ਕਤਲ ਆਦਿ ਦੀਆਂ ਖਬਰਾਂ ਆਮ ਪੜਦੇ ਹਾਂ। ਇਸਦੇ ਨਾਲ ਕਦੇ-ਕਦੇ ਆਤਮ ਹੱਤਿਆਵਾਂ ਦੀਆਂ ਖਬਰਾਂ ਵੀ ਨਜ਼ਰ ਆਉਂਦੀਆਂ ਹਨ। ਜਦੋਂ ਵੀ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

ਦੋ ਪ੍ਰੋੜ ਮਨੁੱਖ ਗੱਲਾਂ ਕਰਦੇ ਹਨ ਤਾਂ ਇਸ ਦਾ ਇਹੋ ਨਤੀਜਾ ਕੱਢਦੇ ਹਨ ਕਿ ਅੱਜ-ਕਲ੍ਹ ਦੇ ਨੌਜਵਾਨਾਂ ਨੂੰ ਜੀਵਨ ਸੇਧ ਪ੍ਰਾਪਤ ਨਹੀਂ ਹੋ ਰਹੀ ਇਸ ਕਰਕੇ ਇਹ ਮਾੜੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕੁੱਝ ਸੋਚਦੇ ਹਨ ਅੱਜ-ਕਲ੍ਹ ਤਾਂ ਸਕੂਲ ਕਾਲਜ ਬਹੁਤੀ ਗਿਣਤੀ ਵਿੱਚ ਖੁਲ੍ਹੇ ਹਨ ਅਤੇ ਬਹੁਤੇ ਮਾਪੇ ਵੀ ਪੜ੍ਹੇ ਲਿਖੇ ਹਨ। ਫਿਰ ਵੀ ਅਜਿਹਾ ਕਿਉਂ ਵਾਪਰਦਾ ਹੈ ? ਅਸਲ ਵਿੱਚ ਮਾਪੇ ਜਾਂ ਵਿਦਿਅਕ ਸੰਸਥਾਵਾਂ ਨੌਜਵਾਨਾ ਦੀ ਸੁਰੱਖਿਆ ਦੇ ਯਤਨ ਕਰਦੇ ਹਨ ਅਤੇ ਉਹਨਾਂ ਨੂੰ ਆਪਣੇ ਨਿਸ਼ਾਨੇ ਜਾਂ ਮੰਤਵ ਵੱਲ ਵਧਣ ਲਈ ਤਿਆਰ ਕਰਦੇ ਹਨ। ਜੀਵਨ ਸੇਧ ਜਾਂ ਜੀਵਨ ਦਾ ਮਨੋਰਥ, ਨੌਜਵਾਨਾਂ ਨੂੰ ਆਪਣੇ ਹਾਲਾਤ, ਸਮਰੱਥਾ ਅਤੇ ਸ਼ੌਕ ਅਨੁਸਾਰ ਆਪ ਹੀ ਲੱਭਣਾ ਅਤੇ ਮਿਥਣਾ ਹੁੰਦਾ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਇਸ ਸੰਸਾਰ ਦੀਆਂ ਬੰਦ ਖਿੜਕੀਆਂ ਖੋਲ ਦੇਣ ਅਤੇ ਉਹ ਨੌਜਵਾਨਾਂ ਨੂੰ ਆਪਣਾ ਨਿਸ਼ਾਨਾ ਆਪ ਚੁਣਨ ਦੇਣ। ਇਸ ਸੇਧ ਵੱਲ ਵਧਦਿਆਂ ਉਹਨਾਂ ਨੂੰ ਜਿਹੜੀਆਂ ਔਕੜਾਂ ਆ ਸਕਦੀਆਂ ਹੋਣ ਉਹਨਾਂ ਬਾਰੇ ਉਹਨਾਂ ਨੂੰ ਸੁਚੇਤ ਕਰਕੇ ਉਹਨਾਂ ਦੀ ਮਦਦ ਕਰਨ। ਉਹਨਾਂ ਨੂੰ ਆਪਣੇ ਪਿਛੇ ਤੁਰਨ ਤੇ ਮਜ਼ਬੂਰ ਨਾ ਕਰਨ।

(1) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

(2) ਅਖਬਾਰਾਂ ਵਿੱਚ ਨੌਜਵਾਨਾ ਬਾਰੇ ਕਿਹੋ ਜਿਹੀਆਂ ਖਬਰਾਂ ਨਜ਼ਰ ਆਉਂਦੀਆਂ ਹਨ ?

(3) ਉਪਰ ਲਿਖੇ ਪੈਰ੍ਹੇ ਅਨੁਸਾਰ ਨੌਜਵਾਨਾਂ ਨੂੰ ਕਿਹੋ ਜਿਹੀ ਸੇਧ ਪ੍ਰਾਪਤ ਹੋ ਰਹੀ ਹੈ ?

(4) ਸਾਡੇ ਜੀਵਨ ਦਾ ਮਨੋਰਥ ਕਿਸ ਨੇ ਮਿੱਥਣਾ ਹੁੰਦਾ ਹੈ ?

(5) ਨੌਜਵਾਨਾਂ ਨੂੰ ਸਹੀ ਸੇਧ ਦੇਣ ਦਾ ਕੰਮ ਕਿਸ ਨੂੰ ਕਰਨਾ ਚਾਹੀਦਾ ਹੈ ? 5



www.a2zpapers.com www.a2zpapers.com
ad free old Question papers gndu, ptu hp board, punjab

a2zpapers.com

5. ਪੰਜਾਬੀ ਉਪਭਾਸ਼ਾ ਦੇ ਪਛਾਣ ਚਿੰਨ੍ਹਾਂ ਬਾਰੇ ਵਿਸਥਾਰਪੂਰਵਕ ਚਰਚਾ ਕਰੋ।

**ਜਾਂ**

ਭਾਸ਼ਾ ਤੋਂ ਕੀ ਭਾਵ ਹੈ ? ਭਾਸ਼ਾ ਦੇ ਟਕਸਾਲੀ ਰੂਪ ਬਾਰੇ ਜਾਣਕਾਰੀ ਦਿਉ। 10

6. ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਦਿਓ :

ਪੰਜਾਬੀ ਮਾਤ ਭਾਸ਼ਾ ਦੀ ਦੂਜੀ ਭਾਸ਼ਾ ਦੇ ਤੌਰ ਤੇ ਮਹੱਤਤਾ ਨੂੰ ਸਪਸ਼ਟ ਕਰੋ।

**ਜਾਂ**

ਪੰਜਾਬੀ ਮਾਤ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਪੜਾਉਣ ਵਿੱਚ ਆਉਂਦੀਆਂ ਸਮੱਸਿਆਵਾਂ ਦਾ ਜ਼ਿਕਰ ਕਰੋ।

**ਜਾਂ**

ਮਾਤ ਭਾਸ਼ਾ ਦਾ ਅਧਿਆਪਨ ਪਹਿਲੀ ਭਾਸ਼ਾ ਤੇ ਤੌਰ ਤੇ ਕਿਉਂ ਜ਼ਰੂਰੀ ਹੈ ?

**ਜਾਂ**

ਪੰਜਾਬੀ ਮਾਤ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਸਮੇਂ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਜ਼ਿਕਰ ਕਰੋ। 5+5=10



www.a2zpapers.com www.a2zpapers.com
ad free old Question papers gndu, ptu hp board, punjab